**੧ੴ ਸਤਿਗੁਰ ਪ੍ਰਸਾਦਿ ॥**
**ਗੁਰਮੁਖ ਸਿਉ ਕਰਿ ਦੋਸਤੀ ਸਤਿਗੁਰ ਸਉ ਲਾਇ ਚਿਤੁ ॥**
**ਜੰਮਣ ਮਰਣ ਕਾ ਮੂਲ ਕਟੀਐ ਤਾਂ ਸੁਖ ਹੋਵੀ ਮਿਤ ॥ ੬੬ ॥**
**ਜਨਵਰੀ ੨੭- ੧੯੯੮**

ਪਰਮ ਸਨਮਾਨ ਜੋਗ ਸਿੰਘ ਸਾਹਿਬ ਰਣਜੀਤ ਸਿੰਘ ਜਥੇਦਾਰ ਸ੍ਰੀ ਅਕਾਲਤਖ਼ਤ ਸਾਹਿਬ ਅੰਮ੍ਰਿਤਸਰ, ਜੀਓ,

ਵਾਹਿਗੁਰੂ ਜੀ ਕਾ ਖ਼ਾਲਸਾ , ਵਾਹਿਗੁਰੂ ਜੀ ਕੀ ਫ਼ਤਹਿ ॥

੭ ਦਸੰਬਰ ੧੯੯੬ ਨੂੰ ਲਿਖੇ ਬੇਨਤੀ ਪੱਤਰ ਵਿਚ ਦਾਸ ਨੇ ਆਪ ਜੀ ਦੀ ਨਿਯੁਕਤੀ ਬਾਰੇ ਇਹ ਬਚਨ --" ਪਰ, ਬੜੇ ਲੰਮੇ ਸਮੇ ਤੋਂ **ਇਹ ਪਦਵੀ**-- ਸੂਰਮੇ, ਤਿਆਗੀ, ਨਿਰਪੱਖ, (ਮੂੰਹ ਤੇ ਝੂਠੀ ਵਡਿਆਈ ਕਰਨ ਵਾਲੇ) ਝੋਲੀ ਚੁੱਕਾਂ ਦੇ ਅਸਰ ਤੋਂ ਬੇਨਿਆਜ਼, ਗੁਰਮਤਿ-ਸਿਧਾਂਤ ਤੋਂ ਪੂਰੇ ਗਿਆਤਾ, ਪੰਥਕ ਸਿੱਖ ਰਹਿਤ ਮਰਯਾਦਾ ਦੀ ਪਾਵਨਤਾ, ਸ਼ੁੱਧਤਾ ਅਤੇ ਅਟੱਲਤਾ ਦੀ ਰਾਖੀ ਲਈ ਸਦਾ ਤਤਪਰ, ਨਿਰਭੈ ਅਤੇ ਨਿਰਪੱਖ ਜਥੇਦਾਰ ਸਾਹਿਬ ਤੋਂ ਵਾਂਜੀ ਤੁਰੀ ਆ ਰਹੀ ਸੀ " ਬੜੀ ਦ੍ਰਿੜਤਾ ਭਰੇ ਭਰੋਸੇ ਨਾਲ ਲਿਖੇ ਸਨ। ਗੁਰਮਤਿ ਤੋਂ ਪੂਰਾ ਗਿਆਨ-ਵਾਨ ਹੋਣਾ ਵੀ ਬੜਾ ਵੱਡਾ ਗੁਣ ਹੈ, ਪਰ ਸੁਹਿਰਦਤਾ ਅਤੇ ਪੰਥ ਪ੍ਰਤੀ ਸੱਚੀ ਵਫਾਦਾਰੀ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਪ੍ਰਤੀ ਪੂਰਨ ਸ਼ਰਧਾ ਹੋਣ ਦਾ ਗੁਣ, **ਸਰਬ ਸ੍ਰੇਸ਼ਟ** ਹੈ।

ਪਿਛਲੇ ਦਿਨਾਂ ਵਿਚ ਪੰਥ ਲਈ ਜੋ **Crisis** ਬਣਾ ਦਿੱਤਾ ਗਿਆ ਸੀ, ਉਸ ਤੋਂ ਸਾਰੇ ਸੁਹਿਰਦ ਗੁਰਸਿੱਖ ਚਿੰਤਾਤੁਰ ਸਨ। ਸ੍ਰੀ ਅਕਾਲਤਖ਼ਤ ਸਾਹਿਬ ਤੇ ਹੋਏ ਉਸ ਕੋਝੇ ਅਤੇ ਅਤੀਅੰਤ ਦੁਖਦਾਈ ਹਮਲੇ ਤੋਂ, ਇਸ ਬਿਰਧ ਦਾਸ ਦਾ ਹਿਰਦਾ ਵੀ ਕੁਰਲਾ ਉਠਿਆ ਸੀ। ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਰਦਾਰੀ ਨੂੰ ਹੱਥ ਪਾ ਕੇ ਪੰਥ ਦੇ ਵਿਕਾਰ ਨੂੰ ਹੋਰ ਵੀ ਨੀਵਾਂ ਕਰਨ-ਕਰਵਾਉਣ ਵਾਲੇ ਸਿਆਸਤਦਾਨਾਂ ਦੀਆਂ ਕਲਾਬਾਜ਼ੀਆਂ, ਦੁਖੀ ਹਿਰਦੇ ਨਾਲ ਵੇਖਦੇ ਰਹਿਣ ਤੋਂ ਵੱਧ ਦਾਸ ਕੁਝ ਵੀ ਕਰਨ ਜੋਗਾ ਨਹੀਂ ਸੀ। ਉਸ ਸਾਰੇ ਦੁਖਾਂਤ ਵਿਚ ਜਿਵੇਂ ਤੁਸੀ ਚੜ੍ਹਦੀ ਕਲਾ ਵਿਚ ਵਿਚਰਦੇ ਰਹੇ ਉਸ ਤੋਂ ਸਾਰਾ ਪੰਥ ਵਧਾਈ ਦਾ ਪਾਤਰ ਬਣਿਆ ਹੈ। **ਵਾਹਿਗੁਰੂ ਜੀ ਤਾਹਾਨੂੰ ਸਦਾ ਗੁਰਮਤਿ-ਜੀਵਨੀ ਨਾਲ ਜੋੜੀ ਰੱਖ ਕੇ ਮਹਾਂਪੁਰਖਾਂ ਵਾਲੀ ਚੜ੍ਹਦੀ ਕਲਾ ਦੇ ਮਾਲਕ ਬਣਾਏ "** ਇਹ ਅਰਦਾਸ ਸਾਰੇ ਪੰਥ ਦਰਦੀਆਂ ਦੇ ਹਿਰਦੇ ਦੀ ਆਵਾਜ਼ ਬਣੀ ਰਹੇ। ਭੁੱਲ ਚੁਕ ਦੀ ਖਿਮਾ--

ਗੁਰਮਤਿ ਅਨੁਸਰਾ ਜੀਵਨ ਢਾਲ ਰਹੇ ਗੁਰਮੁਖਾਂ ਦੇ ਚਰਨਾ ਦੀ ਧੂੜ--- ਦਾਸ

ਗੁਰਬਖ਼ਸ਼ ਸਿੰਘ ਕਾਲਾ ਅਫ਼ਗਾਨਾ

**14727 Bothel Way N/E # 5 Seattle WA 98155 U.S.A.**

ਇਸ ਚਿੱਠੀ ਦੇ ਉੱਤਰ ਵਿਚ ਜਥੇਦਾਰ ਸਾਹਿਬ ਵਲੋਂ ਛਪੇ ਹੋਏ ਪੈਡ ਤੇ ਇਹ ਪ੍ਰਸੰਸਾ ਪੱਤਰ ੨੭ ਜੁਲਾਈ ਸ਼ੁੱਕਰ ਵਾਰ ੧੯੯੮ਨੂੰ ਪ੍ਰਾਪਤ ਹੋਇਆ। ਹੈਰਾਨੀ ਹੈ ਕਿ ਜਿਨ੍ਹਾਂ ਪੱਤ੍ਰਾਂ ਵਿਚ ਗੁਰਮਤਿ ਅਨੁਸਰਾ ਵਿਹਾਰ ਕਰਨ ਬਾਰੇ ਬੇਨਤੀਆਂ ਲਿਖ ਭੇਜੀਆਂ ਸਨ ਉਨ੍ਹਾਂ ਬਾਰੇ ਕੋਈ ਉੱਘ ਸੁੱਘ ਕਿਸ ਕਾਰਨ ਨਹੀਂ ਨਿਕਲੀ?

ਰੰਜੀਤ ਸਿੰਘ ਜਥੇਦਾਰ **੧ੴ ਸਤਿਗੁਰ ਪ੍ਰਸਾਦਿ ॥**

No:--443/AT/98 Dated:-12-2-98

ਗੁਰੂ ਸਵਾਰੇ ਸ੍ਰ: ਗੁਰਬਖ਼ਸ਼ ਸਿੰਘ ਜੀ,

ਵਾਹਿਗੁਰੂ ਜੀ ਕਾ ਖ਼ਾਲਸਾ । ਵਾਹਿਗੁਰੂ ਜੀ ਕੀ ਫ਼ਤਹਿ ॥

ਸ੍ਰ: ਸਾਹਿਬ ਆਪ ਜੀ ਵਲੋਂ ੨੭ ਜਨਵਰੀ ੧੯੯੮ ਨੂੰ ਲਿਖਿਆ ਪੱਤਰ ਪ੍ਰਾਪਤ ਹੋਇਆ। ਮਾਨ ਸਨਮਾਨ ਲਈ ਬਹੁਤ ਬਹੁਤ ਧਨਵਾਦ।

ਆਪ ਜੈਸੇ ਸੁਹਿਰਦ, ਸੂਝਵਾਨ, ਸ੍ਰੀ ਅਕਾਲ ਤਖ਼ਤ ਪ੍ਰਤੀ ਇਮਾਨਦਾਰ ਗੁਰਸਿੱਖਾਂ ਦੀ ਮੇਰੇ ਜਿਹੇ ਨਿਮਾਣੇ ਸਿੱਖ ਵੱਲ ਨਜ਼ਰ ਕਰਨੀ ਅਕਾਲ ਪੁਰਖ ਵਲੋਂ ਮੇਰੇ ਲਈ ਬਖ਼ਸ਼ਸ਼ ਦਾ ਪ੍ਰਤੀਕ ਹੈ ।

ਗੁਰਸਿਖਾਂ ਕੀ ਹਰ ਧੂੜ ਦੇਹਿ, ਹਮ ਪਾਪੀ ਭੀ ਗਤਿ ਪਾਂਹਿ ॥

ਦੇ ਮਹਾਂਵਾਕ ਅਨੁਸਾਰ ਮੇਰੀ ਅਰਦਾਸ ਹੈ ਕਿ ਆਪ ਜੈਸੇ ਗੁਰਮੁਖਾਂ ਦੀਆਂ ਅਸੀਸਾਂ ਦਾਸ ਨੂੰ ਹਮੇਸ਼ਾ ਮਿਲਦੀਆਂ ਰਹਿਣ । ਚਿੱਠੀ ਪਾਉਣ ਅਤੇ ਯਾਦ ਰੱਖਣ ਦਾ ਧਨਵਾਦ । ਆਸ ਹੈ ਕਿ ਅਗੋਂ ਤੋਂ ਵੀ ਏਸੇ ਤਰ੍ਹਾਂ ਨਿਵਾਜਦੇ ਰਹੋਗੇ ॥

ਧਨਵਾਦ ਸਹਿਤ , ਗੁਰੂ ਪੰਥ ਦਾ ਦਾਸ,
(ਰਣਜੀਤ ਸਿੰਘ)

( ਨੋਟ: ਗੁਰੂ ਬਾਣੀ ਦੀ ਤੁਕ ਅਸ਼ੁੱਧ ਹੈ ਠੀਕ ਇਉਂ ਹੈ ---**ਗੁਰਸਿਖਾਂ ਕੀ ਹਰਿ ਧੂੜਿ ਦੇਹਿ ਹਮ ਪਾਪੀ ਭੀ ਗਤਿ ਪਾਂਹਿ ॥ )**